

ਵਿਕਟੋਰੀਆ ਦੀ ਪੋਰਟੇਬਲ (ਨੌਕਰੀ ਬਦਲਣ ਤੇ ਨਾਲ ਜਾਣ ਵਾਲੀ) ਲੰਬੀ ਸੇਵਾ ਵਾਲੀ ਲਾਭ ਸਕੀਮ

# ਲੰਬੀ ਨੌਕਰੀ ਵਾਲੀ ਛੁੱਟੀ ਜੋ ਤੁਹਾਡੇ ਨਾਲ ਨਾਲ ਚੱਲਦੀ ਹੈ।

ਭਾਈਚਾਰਕ ਨੌਕਰੀਆਂ | ਠੇਕੇ 'ਤੇ ਸਫ਼ਾਈ | ਸੁਰੱਖਿਆ

plsa.vic.gov.au

Portable Long Service Authority

VICTORIA State Government

## ਪੋਰਟੇਬਲ (ਨੌਕਰੀ ਬਦਲਣ ਤੇ ਨਾਲ ਜਾਣ ਵਾਲੀ) ਲੰਬੀ ਨੌਕਰੀ ਵਾਲੀ ਛੁੱਟੀ ਕੀ ਹੈ?

ਇਹ ਸਕੀਮ ਵਿਕਟੋਰੀਆ ਦੀਆਂ ਭਾਈਚਾਰਕ ਨੌਕਰੀਆਂ, ਠੇਕੇ 'ਤੇ ਸਾਫ਼-ਸਫ਼ਾਈ ਅਤੇ ਸੁਰੱਖਿਆ ਉਦਯੋਗਾਂ ਵਿੱਚ ਕਰਮਚਾਰੀਆਂ ਨੂੰ ਪੋਰਟੇਬਲ ਲੰਬੀ ਨੌਕਰੀ ਦੇ ਲਾਭ ਪ੍ਰਦਾਨ ਕਰਦੀ ਹੈ। ਕਰਮਚਾਰੀ ਇਕੱਲੇ ਰੁਜ਼ਗਾਰਦਾਤੇ ਦੀ ਬਜਾਏ ਉਦਯੋਗ ਵਿਚ ਬਿਤਾਏ ਗਏ ਆਪਣੇ ਸਮੇਂ ਦੇ ਅਧਾਰ ਤੇ ਲੰਬੀ ਨੌਕਰੀ ਵਾਲੀ ਛੁੱਟੀ ਦੇ ਹੱਕ ਹਾਸਲ ਕਰ ਸਕਦੇ ਹਨ।

ਇਹ 'ਪੋਰਟੇਬਲ' ਹੈ ਕਿਉਂਕਿ ਇਹ ਕਰਮਚਾਰੀਆਂ ਦੇ ਨਾਲ ਨਾਲ ਚੱਲਦੀ ਹੈ ਜੇ ਉਹ ਰੁਜ਼ਗਾਰਦਾਤੇ ਨੂੰ ਬਦਲਦੇ ਹਨ ਪਰ ਉਦਯੋਗ ਦੇ ਵਿੱਚ ਹੀ ਰਹਿੰਦੇ ਹਨ।

ਕਰਮਚਾਰੀ ਇੱਕੋ ਸਮੇਂ ਕਈ ਰੁਜ਼ਗਾਰਦਾਤਿਆਂ ਨਾਲ ਰਜਿਸਟਰ ਹੋ ਸਕਦੇ ਹਨ। ਜੇ ਕੋਈ ਕਰਮਚਾਰੀ ਇੱਕੋ ਸਮੇਂ ਵਿੱਚ ਇੱਕ ਤੋਂ ਵੱਧ ਰੁਜ਼ਗਾਰਦਾਤੇ ਲਈ ਕੰਮ ਕਰ ਰਿਹਾ ਹੈ, ਤਾਂ ਉਹ ਹਰੇਕ ਰੁਜ਼ਗਾਰਦਾਤੇ ਕੋਲੋਂ ਲਾਭ ਪ੍ਰਾਪਤ ਕਰਦੇ ਹਨ।

## ਪੋਰਟੇਬਲ (ਨੌਕਰੀ ਬਦਲਣ ਤੇ ਨਾਲ ਜਾਣ ਵਾਲੀ) ਲੰਬੀ ਨੌਕਰੀ ਵਾਲੀ ਛੁੱਟੀ ਕਿਵੇਂ ਕੰਮ ਕਰਦੀ ਹੈ?

**ਨਾਮ ਰਜਿਸਟਰ ਕਰੋ**

**ਰੁਜ਼ਗਾਰਦਾਤੇ ਸਕੀਮ ਲਈ ਆਪਣੇ ਕਰਮਚਾਰੀਆਂ ਦਾ ਨਾਮ ਦਰਜ ਕਰਦੇ ਹਨ ਅਤੇ ਉਨ੍ਹਾਂ ਦੇ ਕਰਮਚਾਰੀਆਂ ਨੂੰ ਈਮੇਲ ਜਾਂ ਡਾਕ ਰਾਹੀਂ ਸਵਾਗਤੀ ਚਿੱਠੀ ਮਿਲੇਗੀ।**

**ਇਕੱਠੀ ਕਰਨਾ**

**ਹਰ ਤਿਮਾਹੀ ਵਿੱਚ, ਮਾਲਕ ਆਪਣੇ ਕਰਮਚਾਰੀਆਂ ਦੀ ਨੌਕਰੀ ਅਤੇ ਤਨਖਾਹਾਂ ਬਾਰੇ ਸਾਡੇ ਕੋਲ ਰਿਕਾਰਡ ਭੇਜਦੇ ਹਨ, ਅਤੇ ਲੈਵੀ ਅਦਾ ਕਰਦੇ ਹਨ ਜਿਸ ਦਾ ਪ੍ਰਬੰਧ ਕੇਂਦਰੀ ਫ਼ੰਡ ਵਿੱਚ ਕੀਤਾ ਜਾਂਦਾ ਹੈ।**

**ਪਹੁੰਚ**

**7 ਸਾਲਾਂ ਦੀ ਰਿਕਾਰਡ ਕੀਤੀ ਨੌਕਰੀ ਤੋਂ ਬਾਅਦ, ਉਨ੍ਹਾਂ ਦੇ ਕਰਮਚਾਰੀ ਲੰਬੀ ਨੌਕਰੀ ਦੇ ਲਾਭਾਂ ਲਈ ਅਰਜ਼ੀ ਦੇ ਸਕਦੇ ਹਨ ਜੋ ਫ਼ੰਡ ਵਿੱਚੋਂ ਅਦਾ ਕੀਤੇ ਜਾਂਦੇ ਹਨ।**

ਵਧੇਰੇ ਜਾਣਕਾਰੀ ਵਾਸਤੇ, **enquiries@plsa.vic.gov.au** 'ਤੇ ਸਾਡੇ ਨਾਲ ਸੰਪਰਕ ਕਰੋ ਜਾਂ ਸਾਨੂੰ **1800 517 158** 'ਤੇ ਫ਼ੋਨ ਕਰੋ।